| ਨਵੇਂ ਪ੍ਰਵਾਸੀਆਂ ਲਈ ਕਾਨੂੰਨੀ ਫੈਕਟਸ਼ੀਟ | ਫੈਮਿਲੀ ਡਿਊਟੀ ਕਾਉਂਸਲ ਕਿਸ ਨੂੰ ਕਹਿੰਦੇ ਹਨ? | JUSTICE EDUCATION SOCIETY |
|---|---|---|

## ਫੈਮਿਲੀ ਡਿਊਟੀ ਕਾਉਂਸਲ ਕਿਸ ਨੂੰ ਕਹਿੰਦੇ ਹਨ?

ਫੈਮਿਲੀ ਡਿਊਟੀ ਕਾਉਂਸਲ ਉਹ ਵਕੀਲ ਹੁੰਦੇ ਹਨ ਜਿਨ੍ਹਾਂ ਨੂੰ ਲੀਗਲ ਸਰਵਿਸਿਜ਼ ਸੁਸਾਇਟੀ (ਲੀਗਲ ਏਡ) ਵੱਲੋਂ ਤਨਖ਼ਾਹ ਦਿੱਤੀ ਜਾਂਦੀ ਹੈ। ਇਹ ਤਨਖ਼ਾਹ ਪਰਿਵਾਰਕ ਕਾਨੂੰਨੀ ਮਸਲਿਆਂ ਵਿੱਚ ਮਦਦ ਦੇਣ ਲਈ ਤਿੰਨ ਘੰਟਿਆਂ ਤੱਕ ਮੁਫਤ ਵਿੱਚ ਸਲਾਹ ਦੇਣ ਬਦਲੇ ਦਿੱਤੀ ਜਾਂਦੀ ਹੈ।

## ਫੈਮਿਲੀ ਡਿਊਟੀ ਕਾਉਂਸਲ ਵਾਲ਼ੇ ਕਿਹੜੀਆਂ ਸੇਵਾਵਾਂ ਦੇ ਸਕਦੇ ਹਨ ?

- ਤੁਹਾਡੇ ਕਾਨੂੰਨੀ ਹੱਕਾਂ, ਫਰਜ਼ਾਂ, ਅਤੇ ਅਦਾਲਤ ਦੀਆਂ ਪ੍ਰਕਿਰਿਆਵਾਂ ਬਾਰੇ ਸਿਰਫ਼ ਜ਼ਬਾਨੀ ਸਲਾਹ ਦਿੰਦੇ ਹਨ।
- ਅਦਾਲਤ ਦੇ ਦਸਤਾਵੇਜ਼ਾਂ ਦਾ ਜਾਇਜ਼ਾ ਲੈਣ ਅਤੇ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰਦੇ ਹਨ।
- ਤੁਹਾਨੂੰ ਸੁਲਾਹ-ਸਫਾਈ ਕਰਨ ਅਤੇ ਮਸਲਿਆਂ ਨੂੰ ਨਜਿੱਠਣ ਵਿੱਚ ਮਦਦ ਕਰਦੇ ਹਨ।
- ਰਜ਼ਾਮੰਦੀ ਦੇ ਹੁਕਮ ਜਾਂ ਪਰਿਵਾਰਕ ਸਮਝੌਤੇ ਜੋ ਅਦਾਲਤ ਵਿੱਚ ਦਾਖਲ ਕੀਤੇ ਜਾ ਸਕਦੇ ਹਨ ਉਨ੍ਹਾਂ ਨੂੰ ਤਿਆਰ ਕਰਨ ਜਾਂ ਜਾਇਜ਼ਾ ਲੈਣ ਵਿੱਚ ਤੁਹਾਡੀ ਮਦਦ ਕਰਦੇ ਹਨ।
- ਤੁਹਾਡੇ ਨਾਲ ਅਦਾਲਤ ਵਿੱਚ ਜਾ ਕੇ ਤਰੀਖ਼ ਅੱਗੇ ਪਾਉਣ, ਬਿਨਾ ਵਿਰੋਧ ਜਾਂ ਰਜ਼ਾਮੰਦੀ ਦੇ ਹੁਕਮ, ਜਾਂ ਹੰਗਾਮੀ ਬੰਦਸ਼ੀ ਹੁਕਮ ਲਈ ਆਖ ਸਕਦੇ ਹਨ।
- ਤੁਹਾਨੂੰ ਇਸ ਬਾਰੇ ਜਾਣਕਾਰੀ ਦਿੰਦੇ ਹਨ ਕਿ ਜਦੋਂ ਤੁਸੀਂ ਅਦਾਲਤ ਵਿੱਚ ਜਾਉ ਤਾਂ ਕੀ ਕਰਨਾ ਹੈ, ਅਤੇ ਹੋਰਨਾਂ ਵਸੀਲਿਆਂ ਕੋਲ਼ ਤੁਹਾਨੂੰ ਭੇਜ ਸਕਦੇ ਹਨ।

## ਫੈਮਿਲੀ ਡਿਊਟੀ ਕਾਉਂਸਲ ਕਿਹੜੀਆਂ ਸੇਵਾਵਾਂ ਨਹੀਂ ਦੇ ਸਕਦੇ?

- ਲਿਖਤੀ ਸਲਾਹ ਨਾਲ ਪੈਰਵੀ ਕਰਨਾ।
- ਕਿਸੇ ਵੀ ਝਗੜੇ ਵਾਲੀ ਸੁਣਵਾਈ ਜਾਂ ਗੁੰਝਲਦਾਰ ਮਸਲਿਆਂ ਦੀ ਸੁਣਵਾਈ ਲਈ ਅਦਾਲਤ ਵਿੱਚ ਜਾਣਾ।
- ਗੁੰਝਲਦਾਰ ਜਾਇਦਾਦ ਦੇ ਝਗੜੇ ਸਬੰਧੀ ਤੁਹਾਡੀ ਮਦਦ ਕਰਨ, ਜਾਂ ਤੁਹਾਨੂੰ ਟੈਕਸ ਦੀ ਸਲਾਹ ਦੇਣੀ।
- ਜੇਕਰ ਪਹਿਲਾਂ ਹੀ ਤੁਹਾਡਾ ਵਕੀਲ ਹੈ ਤੁਹਾਡੀ ਮਦਦ ਕਰਨੀ।
- ਅਦਾਲਤ ਦੇ ਤੁਹਾਡੇ ਦਸਤਾਵੇਜ਼ ਤਿਆਰ ਕਰਨੇ।
- ਗੈਰ-ਪਰਿਵਾਰਕ-ਕਾਨੂੰਨ ਸਬੰਧੀ ਕਿਸੇ ਵੀ ਕਾਨੂੰਨੀ ਸਮਸਿਆਵਾਂ ਲਈ ਤੁਹਾਡੀ ਮਦਦ ਕਰਨੀ।
- ਤੁਹਾਡੇ ਲਈ ਅਦਾਲਤੀ ਦਸਤਾਵੇਜ਼ ਦੇਣੇ ਜਾਂ ਮੰਜ਼ੂਰ ਕਰਨੇ; ਜਾਂ ਡਿਊਟੀ ਕਾਉਂਸਲ ਵਜੋਂ ਕੰਮ ਕਰਦਿਆਂ ਤੁਹਾਡਾ ਵਕੀਲ ਬਣਨਾ।

## ਫੈਮਿਲੀ ਡਿਊਟੀ ਕਾਉਂਸਲ ਵਕੀਲ ਨਾਲ ਆਪਣੀ ਮੀਟਿੰਗ ਲਈ ਮੈਂ ਕਿਵੇਂ ਤਿਆਰੀ ਕਰਾਂ?

ਆਪਣੀ ਮੀਟਿੰਗ ਲਈ ਮੂਲ ਜਾਣਕਾਰੀ ਅਤੇ ਦਸਤਾਵੇਜ਼ ਇਕੱਠੇ ਕਰੋ ਅਤੇ ਨਾਲ ਲੈ ਕੇ ਜਾਓ। ਜੇਕਰ ਤੁਸੀਂ ਫੈਮਿਲੀ ਡਿਊਟੀ ਕਾਉਂਸਲ ਨੂੰ ਮਿਲਣ ਜਾ ਰਹੇ ਹੋ, ਹੇਠ ਲਿਖੀਆਂ ਚੀਜ਼ਾਂ ਆਪਣੇ ਨਾਲ ਲੈ ਕੇ ਜਾਓ:

- ਆਪਣਾ ਫ਼ੋਨ ਨੰਬਰ ਅਤੇ ਸੰਪਰਕ ਕਰਨ ਸਬੰਧੀ ਹੋਰ ਜਾਣਕਾਰੀ।
- ਆਪਣੇ ਬੱਚਿਆਂ ਦੇ ਪੂਰੇ ਨਾਂ ਅਤੇ ਜਨਮ ਤਾਰੀਖਾਂ।
- ਜੇਕਰ ਤੁਸੀਂ ਜਾਣਦੇ ਹੋ ਤਾਂ, ਦੂਜੀ ਧਿਰ ਦਾ ਪੂਰਾ ਨਾਂ ਅਤੇ ਮੌਜੂਦਾ ਪਤਾ (ਇਹ ਤੁਹਾਡਾ ਪਤੀ/ਪਤਨੀ, ਪਹਿਲਾ-ਪਤੀ/ਪਤਨੀ, ਪਹਿਲਾ-ਪਾਰਟਨਰ, ਜਾਂ ਬੱਚੇ ਦੇ ਦੂਜੇ ਮਾਂ-ਪਿਊ ਹੋ ਸਕਦੇ ਹਨ)।
- ਤੁਹਾਡੇ ਕੇਸ ਨਾਲ ਸਬੰਧਤ ਸਾਰੇ ਦਸਤਾਵੇਜ਼ ਜੋ ਤੁਹਾਡੇ ਕੋਲ ਹਨ, ਜਿਵੇਂ ਕਿ ਕੋਈ ਵੀ ਇਕਰਾਰਨਾਮਾ ਜੋ ਵੱਖ ਹੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਤੁਸੀਂ ਆਪਣੇ ਪਤੀ/ਪਤਨੀ ਨਾਲ ਕੀਤਾ ਸੀ, ਅਦਾਲਤ ਦੇ ਕੋਈ ਵੀ ਹੁਕਮ, ਜਾਂ ਕੋਈ ਵੀ ਨਵੀਂ ਅਰਜ਼ੀ।
- ਤੁਹਾਡੇ ਸਬੰਧਾਂ 'ਚ ਘਟਨਾਵਾਂ ਦੀ ਸੂਚੀ ਜੋ ਕਿਸੇ ਵੀ ਸੁਰੱਖਿਆ ਹੁਕਮ ਬਾਰੇ ਦੱਸਦੀ ਹੈ (ਮਿਸਾਲ ਵਜੋਂ, ਸਰੀਰਕ ਜਾਂ ਮਾਨਸਿਕ ਦੁਰਵਿਹਾਰ ਦੀਆਂ ਘਟਨਾਵਾਂ)।
- ਮਹਤੱਵਪੂਰਣ ਤਾਰੀਖ਼ਾਂ ਸਮੇਤ ਆਪਣੀ ਕਹਾਣੀ, ਅਤੇ ਇਸ ਬਾਰੇ ਕੁਝ ਵਿਚਾਰ ਜੋ ਤੁਸੀਂ ਚਾਹੁੰਦੇ ਹੋ ਹੋਣਾ ਚਾਹੀਦਾ ਹੈ ।
- ਮੌਜੂਦਾ ਪਰਵਰਿਸ਼ ਬਾਰੇ ਤੁਹਾਡੇ ਇੰਤਜ਼ਾਮਾਂ ਦਾ ਸੰਖੇਪ ਵਿੱਚ ਸਾਰ।

## ਆਪਣੇ ਸਵਾਲ ਲਿਖ ਲਓ

- ਫੈਮਿਲੀ ਡਿਊਟੀ ਕਾਉਂਸਲ ਨੂੰ ਮਿਲਣ ਤੋਂ ਪਹਿਲਾਂ, ਉਹ ਸਵਾਲ ਲਿਖ ਲਓ ਜਿਨ੍ਹਾਂ ਬਾਰੇ ਤੁਸੀਂ ਵਿਚਾਰ-ਵਟਾਂਦਰਾ ਕਰਨਾ ਚਾਹੁੰਦੇ ਹੋ ਤਾਂ ਜੋ ਤੁਸੀਂ ਕੋਈ ਵੀ ਗੱਲ ਭੁੱਲ ਨਾ ਜਾਓ।

## ਮੈਂ ਫੈਮਿਲੀ ਡਿਊਟੀ ਕਾਉਂਸਲ ਕਿਵੇਂ ਲੱਭਾਂ?

ਲੀਗਲ ਏਡ ਜਾਂ ਕਾਨੂੰਨੀ ਸਹਾਇਤਾ ਲਈ ਫ਼ੋਨ ਕਰੋ: 604-408-2172 (ਗ੍ਰੇਟਰ ਵੈਨਕੂਵਰ) | 1-866-577-2525 (ਬੀ.ਸੀ. ਵਿੱਚ ਮੁਫ਼ਤ).

ਲੋਕੇਸ਼ਨਾਂ ਦੀ ਸੂਚੀ ਲਈ, ਵੇਖੋ: lss.bc.ca/legal_aid/whereProvincialCourtDutyCounsel.php.

ਜੇਕਰ ਮੈਨੂੰ ਅੰਗ੍ਰੇਜ਼ੀ ਬੋਲਣੀ ਜਾਂ ਸਮਝਣੀ ਨਹੀਂ ਆਉਂਦੀ ਹੈ ਤਾਂ ਕੀ ਹੋਏਗਾ?

ਫੈਮਿਲੀ ਡਿਊਟੀ ਕਾਉਂਸਲ ਲਈ ਦੁਭਾਸ਼ੀਏ ਸਿਰਫ ਵੈਨਕੂਵਰ ਜਸਟਿਸ ਐਕਸੇਸ ਸੈਂਟਰ ਵਿੱਚ ਹੀ ਮਿਲ ਸਕਦੇ ਹਨ:

290 – 800 Hornby St. Vancouver Law Courts Robson Square Vancouver, B.C. Phone: 604-660-2084. Online: www.ag.gov.bc.ca/justice-access-centre/vancouver.

ਇਹ ਸਾਮਗ੍ਰੀ ਫੈਮਿਲੀ ਡਿਊਟੀ ਕਾਉਂਸਲ ਸਬੰਧੀ ਲੀਗਲ ਸਰਵਿਸਿਸ ਸੁਸਾਇਟੀ ਫੈਕਟਸ਼ੀਟ ਤੋਂ ਸਿੱਧੀ ਲਈ ਗਈ ਹੈ। ਹੋਰ ਜਾਣਕਾਰੀ ਲਈ ਵੈਬਸਾਈਟ: **www.lss.bc.ca/assets/legalAid/FDCPoster.pdf** 'ਤੇ ਜਾਓ।

**ਇਹ ਫੈਕਟਸ਼ੀਟ ਕਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਸਰਕਾਰ ਵੱਲੋਂ ਮਿਲੀ ਫੰਡਿਗ ਕਾਰਨ ਹੀ ਬਣਾਈ ਜਾ ਸਕੀ ਹੈ।**